**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ.ਪੀਐਸਬੀਟੀਈ/ਆਈ.ਟੀ/2015/ 2998 **ਅਤਿ ਜ਼ਰੂਰੀ/ਸਮਾਂ ਬੱਧ** ਮਿਤੀ: 16/9/2015

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ ਸੰਸਥਾਵਾਂ ਪ੍ਰਾਈਵੇਟ ਅਤੇ ਸਰਕਾਰੀ (ਐਨ.ਸੀ.ਵੀ.ਟੀ ਸਕੀਮ)
ਪੰਜਾਬ ਰਾਜ ਅਧੀਨ ।

ਵਿਸ਼ਾ: **ਆਲ ਇੰਡੀਆ ਟਰੇਡ ਟੈਸਟ ਸੀ.ਟੀ.ਐਸ (ਸਮੈਸਟਰ 1) ਅਗਸਤ 2014 ਸੈਸ਼ਨ ਲਈ NCVT MIS Portal Re-open ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਵਿਸ਼ਾ ਸਬੰਧੀ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਹਦਾਇਤ ਪ੍ਰਾਪਤ ਹੋਈ ਹੈ, ਜਿਸ ਵਿੱਚ ਦਰਸਾਇਆ ਗਿਆ ਹੈ ਕਿ ਕਈ ਸਿਖਿਆਰਥੀ, ਜੋਂ ਫਰਵਰੀ 2015 ਵਿੱਚ ਹੋਏ ਆਲ ਇੰਡੀਆ ਟਰੇਡ ਟੈਸਟ ਵਿੱਚ ਅਪੀਅਰ ਹੋਏ ਸਨ, ਦਾ ਨਤੀਜਾ ਹੁਣ ਤੱਕ ਸੈਸ਼ਨਲ ਅਤੇ ਪ੍ਰੈਕਟੀਕਲ ਅੰਕ ਨਾ ਅਪਲੋਡ ਹੋਣ ਕਾਰਨ ਪੈਡਿੰਗ ਪਿਆ ਹੈ। ਜਿਸ ਕਾਰਨ ਇਹ ਫੈਸਲਾ ਲਿਆ ਗਿਆ ਹੈ ਕਿ **ਆਖਰੀ ਚਾਂਸ** ਦਿੰਦੇ ਹੋਏ ਇਹਨਾਂ ਸਿਖਿਆਰਥੀਆਂ ਦੇ ਸੈਸ਼ਨਲ ਅਤੇ ਪ੍ਰੈਕਟੀਕਲ ਅੰਕ ਅਪਲੋਡ ਕਰਨ ਹਿੱਤ ਮਿਤੀ 16.09.2015 ਤੋਂ 21.09.2015 ਤੱਕ **NCVT MIS Portal Re-open** ਕੀਤਾ ਜਾਂਦਾ ਹੈ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹਨਾਂ ਵੀ ਸਿਖਿਆਰਥੀਆਂ ਦੇ ਸੈਸ਼ਨਲ ਅੰਕ ਪੈਡਿੰਗ ਹਨ ਉਹ ਸੰਸਥਾ ਪੱਧਰ ਤੇ ਦਰਸਾਈਆਂ ਮਿੱਤੀਆਂ ਦੇ ਅੰਦਰ ਅੰਦਰ ਹੀ ਅਪਲੋਡ ਕੀਤੇ ਜਾਣ ਅਤੇ ਜੇਕਰ ਸਿਖਿਆਰਥੀਆਂ ਦੇ ਪ੍ਰੈਕਟੀਕਲ ਅੰਕ ਵੀ ਅਪਲੋਡ ਕੀਤੇ ਜਾਣੇ ਹਨ ਤਾਂ ਉਹ ਬੋਰਡ ਵਿਖੇ ਹਰ ਹਾਲਤ ਵਿੱਚ 17.09.2015 ਤੱਕ ਵਿਸ਼ੇਸ਼ ਹਰਕਾਰੇ ਰਾਹੀਂ ਪਹੁੰਚਦੇ ਕੀਤੇ ਜਾਣ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਡੀ ਜੀ ਟੀ ਨਵੀਂ ਦਿੱਲੀ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਇਹ ਆਖਰੀ ਚਾਂਸ ਦਿੱਤਾ ਜਾ ਰਿਹਾ ਹੈ ਅਤੇ ਇਸ ਤੋਂ ਬਾਅਦ ਸਮੈਸਟਰ - 1 ਅਗਸਤ 2014 ਸੈਸਨ ਲਈ ਪੋਰਟਲ ਹਮੇਸ਼ਾ ਲਈ ਬੰਦ ਕਰ ਦਿੱਤਾ ਜਾਵੇਗਾ।

ਨਿਰਧਾਰਤ ਸਮੇ ਵਿੱਚ ਜੇਕਰ ਉਪਰੋਕਤ ਅਨੁਸਾਰ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਇਸ ਦੀ ਸਮੁੱਚੀ ਜਿੰਮੇਵਾਰੀ ਸੰਸਥਾ ਦੇ ਮੁੱਖੀ/ਪ੍ਰਿੰਸੀਪਲ ਦੀ ਹੀ ਹੋਵੇਗੀ।

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)